**PUNJAB STATE TRANSMISSION CORPORATION LIMITED**
**(Regd. Office: PSEB, Head Office, The Mall, Patiala-147001, Punjab, India,)**
**Corporate Identity Number: U40109PB2010SGC033814**
**OFFICE OF SE/HR & ADMN., SHAKTI SADAN, PATIALA**

**FAX NO:- 0175-2220054** **TELEPHONE NO:- 0175-2225907** **Website : pstcl.org**

ਪਬਲਿਕ ਨੋਟਿਸ ਨੰ: 6063/ Loose/ Rect. Misc/22 VolL-II ਮਿਤੀ:19-5-2016

# ਪਬਲਿਕ ਨੋਟਿਸ

**ਵਿਸ਼ਾ:-** **ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵਲੋ ਪੰਜਾਬ ਰਾਜ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਵਿੱਚ ਅੰਗਣਹੀਣ ਵਿਅਕਤੀਆਂ ਦੇ 3% ਕੋਟੇ ਅਧੀਨ ਗਰੁੱਪ 'ਸੀ' ਅਤੇ ਗਰੁੱਪ 'ਡੀ' ਵਿੱਚ ਬੈਕਲਾਗ ਦੀਆਂ ਅਸਾਮੀਆਂ ਭਰਨ ਬਾਰੇ ਦਿੱਤੇ ਵਿਗਿਆਪਨ ਸਬੰਧੀ।**

*****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵਲੋ ਪੀ.ਐੱਸ.ਟੀ.ਸੀ.ਐੱਲ. ਵਿਚ ਅੰਗਣਹੀਣ ਵਿਅਕਤੀਆਂ ਦੇ 3% ਕੋਟੇ ਅਧੀਨ ਗਰੁੱਪ 'ਸੀ' ਅਤੇ ਗਰੁੱਪ 'ਡੀ' ਦੀਆਂ ਵੱਖ-ਵੱਖ ਅਸਾਮੀਆਂ ਵਿਰੁੱਧ ਭਰਤੀ ਸਬੰਧੀ ਵੱਖ ਵੱਖ ਅਖਬਾਰਾਂ ਵਿਚ ਵਿਗਿਆਪਨ ਦਿੱਤਾ ਗਿਆ ਸੀ, ਇਸ ਸਬੰਧ ਵਿੱਚ ਜਿਨ੍ਹਾਂ ਪ੍ਰਾਰਥੀਆਂ ਵੱਲੋਂ ਅਪਲਾਈ ਕੀਤਾ ਗਿਆ ਸੀ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ, "ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਇਕ ਖੁੱਦਮੁਖਤਿਆਰ ਕੰਪਨੀ ਹੈ ਜੋ ਕੰਪਨੀ ਐਕਟ 1956 ਅਨੁਸਾਰ ਹੋਂਦ ਵਿੱਚ ਆਈ ਹੈ। ਇਸ ਕਾਰਪੋਰੇਸ਼ਨ ਦੀਆਂ ਵੱਖ-ਵੱਖ ਅਸਾਮੀਆਂ ਵਿਰੁੱਧ ਭਰਤੀ ਕਾਰਪੋਰੇਸ਼ਨ ਦੇ ਬੋਰਡ ਆਫ ਡਾਇਰੈਕਟਰਜ਼ ਦੇ ਫੈਂਸਲੇ ਅਨੁਸਾਰ ਹੀ ਕੀਤੀ ਜਾਂਦੀ ਹੈ। ਇਸ ਲਈ ਉਪਰੋਕਤ ਵਿਗਿਆਪਨ ਸਬੰਧੀ ਪ੍ਰਾਪਤ ਹੋਈਆਂ ਅਰਜ਼ੀਆਂ ਨੂੰ ਦਾਖਲ ਦਫ਼ਤਰ ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਅਰਜ਼ੀਆਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।"

ਪੀ.ਐੱਸ.ਟੀ.ਸੀ.ਐੱਲ. ਵਿੱਚ ਵੱਖ-ਵੱਖ ਅਸਾਮੀਆਂ ਦੀ ਭਰਤੀ ਲਈ ਮਾਮਲਾ ਵਿਚਾਰ ਅਧੀਨ ਹੈ ਅਤੇ ਨੇੜ ਭਵਿੱਖ ਵਿੱਚ ਜਦੋਂ ਵੀ ਅਸਾਮੀਆਂ ਭਰਨ ਬਾਰੇ ਵਿਗਿਆਪਨ ਦਿੱਤਾ ਜਾਵੇਗਾ, ਜਿਸ ਦੀ ਜਾਣਕਾਰੀ ਪੀ.ਐੱਸ.ਟੀ.ਸੀ.ਐੱਲ. ਦੀ ਵੈੱਬ-ਸਾਈਟ www.pstcl.org ਤੇ ਵੀ ਉਪਲੱਬਧ ਕਰਵਾਈ ਜਾਵੇਗੀ, ਉਸ ਸਮੇਂ ਸਬੰਧਤ ਅਸਾਮੀ ਵਿਰੁੱਧ ਨਿਯੁਕਤੀ ਲਈ, ਨਿਯਮਾਂ ਅਨੁਸਾਰ application form ਭਰਿਆ ਜਾਵੇ ਜੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

19/05

ਅਧੀਨ ਸਕੱਤਰ/ਭਰਤੀ
ਪੀ.ਐੱਸ.ਟੀ.ਸੀ.ਐੱਲ., ਪਟਿਆਲਾ।